ਕਵਿਜ਼ ਅਭਿਆਸ (7 ਅਗਸਤ - 13 ਅਗਸਤ 2021)

ਜਮਾਤ- 11ਵੀਂ

ਵਿਸ਼ਾ- ਪੰਜਾਬੀ

ਵਿਦਿਆਰਥੀ ਦਾ ਨਾਂ..... ਸਕੂਲ ਕੋਡ.....

1. 'ਵਾਰ' ਸਾਹਿਤ ਰੂਪ ਵਿਚ ਮੁੱਖ ਰੂਪ ਤੋਂ ਕਿਸ ਰਸ ਦੀ ਵਰਤੋਂ ਹੁੰਦੀ ਹੈ-

(ੳ) ਸ਼ਾਂਤ ਰਸ (ਅ) ਹਾਸ ਰਸ (ੲ) ਬੀਰ ਰਸ (ਸ) ਸ਼ਿੰਗਾਰ ਰਸ

2. ਪ੍ਰੋ. ਪ੍ਰੀਤਮ ਸਿੰਘ ਨੇ 'ਵਾਰ' ਸ਼ਬਦ ਦੇ ਅਰਥ ਦੱਸੇ ਹਨ-

(ੳ) ਵਾਰ ਕਰਨਾ (ਅ) ਵਾਰ ਰੋਕਣਾ (ੲ) ਵਾਰ- ਵਾਰ ਦੁਹਰਾਉਣਾ (ਸ) ਸਾਰੇ ਹੀ

3. ਵਾਰ ਦੀ ਆਤਮਾ ਮੰਨਿਆ ਜਾਂਦਾ ਹੈ -

(ੳ) ਰਸ (ਅ) ਟੱਕਰ (ੲ) ਛੰਦ (ਸ)ਪਉੜੀ

4. ਆਦਿ ਕਾਲ ਵਿਚ ਕਿੰਨੀਆਂ ਲੋਕ ਵਾਰਾਂ ਮਿਲਦੀਆਂ ਹਨ-

(ੳ) 6 (ਅ) 3 (ੲ) 9 (ਸ) 22

5. "ਦੁਰਗਾ ਪਾਠ ਬਣਾਇਆ ਸਭੇ ਪਉੜੀਆਂ।
ਫੇਰ ਨ ਜੂਨੀ ਆਇਆ ਜਿਨ ਇਹ ਗਾਇਆ|"
ਉੱਤੇ ਲਿਖੀਆਂ ਸਤਰਾਂ ਕਿਸ ਪ੍ਰਕਾਰ ਦੀ ਵੰਨਗੀ ਹੈ-

(ੳ) ਮੰਗਲਾਚਰਨ (ਅ) ਕਥਾ ਵਸਤੂ (ੲ) ਸੰਘਰਸ਼ (ਸ) ਮਹਾਤਮ

6. ਪਹਿਲੀ ਅਧਿਆਤਮਕ ਵਾਰ ਹੈ-

(ੳ) ਚੰਡੀ ਦੀ ਵਾਰ (ਅ) ਆਸਾ ਦੀ ਵਾਰ
(ੲ) ਟੁੰਡੇ ਅਸਰਾਜੇ ਦੀ ਵਾਰ (ਸ) ਭਾਈ ਗੁਰਦਾਸ ਜੀ ਦੀ ਵਾਰ

7. 'ਵਾਰ' ਮੁੱਖ ਰੂਪ ਤੋਂ ਕਿਹੜੇ ਛੰਦ ਵਿਚ ਲਿਖੀ ਜਾਂਦੀ ਹੈ-

(ੳ) ਸਿਰਖੰਡੀ (ਅ) ਨਿਸ਼ਾਨੀ (ੲ) ਕਬਿੱਤ (ਸ) ੳ ਅਤੇ ਅ ਦੋਵੇਂ

8. ਰਤਨ ਸਿੰਘ ਜੱਗੀ ਨੇ ਵਾਰਾਂ ਦਾ ਵਰਗੀਕਰਨ ਕਰਦੇ ਹੋਏ ਕਿਹੜਾ ਨਵਾਂ ਵਰਗ ਜੋੜਿਆ ਹੈ-

(ੳ) ਲੋਕ ਵਾਰਾਂ (ਅ) ਅਧਿਆਤਮਕ ਵਾਰਾਂ (ੲ) ਆਧੁਨਿਕ ਵਾਰਾਂ (ਸ) ਕੋਈ ਨਹੀਂ